ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਵੱਲ

ਸਮੂਹ ਪ੍ਰਿੰਸੀਪਲ/ਹੈੱਡ ਮਾਸਟਰ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਜੀ-5/10/2026/459 ਮਿਤੀ: ਬਠਿੰਡਾ 04-11-2026

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਕੰਪੋਨੈਂਟ 1 / 2 ਅਤੇ ਪ੍ਰੀ ਮੈਟ੍ਰਿਕ ਓ.ਬੀ.ਸੀ ਸਕੀਮ ਅਧੀਨ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਵੈਰੀਫਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਅਨੁਸਾਰ ਐਨ.ਐਸ.ਪੀ ਪੋਰਟਲ ਤੇ ਵਜੀਫਾ ਦੀਆਂ ਕਈ ਸਕੀਮਾਂ ਚਲ ਰਹੀਆਂ ਹਨ-ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਕੰਪੋਨੈਂਟ 1/2 ਅਤੇ ਪ੍ਰੀ ਮੈਟ੍ਰਿਕ ਓ.ਬੀ.ਸੀ ਸਕੀਮ ਅਧੀਨ ਵਿਦਿਆਰਥੀਆਂ ਵੱਲੋਂ ਅਪਲਾਈ ਕਰਨ ਦੀ ਆਖਰੀ ਮਿਤੀ 31 ਅਕਤੂਬਰ 2026 ਸੀ। ਸਕੂਲ ਵੱਲੋਂ ਸਬੰਧਤ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ ਨੂੰ ਜ਼ਿਲ੍ਹਾ ਲੈਵਲ ਤੇ ਭੇਜਣ ਦੀ ਆਖਰੀ ਮਿਤੀ 10-11-2026 ਹੈ। ਸੋ ਸਬੰਧਤ ਸਕੂਲ ਮੁੱਖੀਆਂ ਨੂੰ ਪਹਿਲਾਂ ਵੀ ਬਹੁਤ ਵਾਰ ਕਿਹਾ ਗਿਆ ਹੈ ਕਿ ਜਿਨ੍ਹਾਂ ਸਕੂਲਾਂ ਨੇ ਵਿਦਿਆਰਥੀਆਂ ਨੂੰ ਹਲੇ ਤੱਕ ਜ਼ਿਲ੍ਹਾ ਲੈਵਲ ਤੇ ਫਾਰਵਰਡ ਨਹੀਂ ਕੀਤਾ ਹੈ ਉਹ ਸਕੂਲ ਜਲਦ ਤੋਂ ਜਲਦ ਵਿਦਿਆਰਥੀਆਂ ਨੂੰ ਫਾਰਵਰਡ ਕਰਨਾ ਯਕੀਨੀ ਬਣਾਉਣਗੇ ਕਿਉਂਕਿ ਆਖਰੀ ਮਿਤੀ ਦੇ ਨਜ਼ਦੀਕ ਵੈੱਬਸਾਇਟ ਕੰਮ ਨਹੀਂ ਕਰਦੀ ਹੈ। ਜੇਕਰ ਕਿਸੇ ਸਕੂਲ ਵੱਲੋਂ ਇਸ ਦਫਤਰ ਨੂੰ 18 ਨਵੰਬਰ 2026 ਦੇ ਨਜਦੀਕੀ ਦਿਨਾਂ ਵਿੱਚ ਕੋਈ ਪੱਤਰ ਲਿਖਿਆ ਜਾਂਦਾ ਹੈ ਕਿ ਵਿਦਿਆਰਥੀ ਫਾਰਵਰਡ ਨਹੀਂ ਹੋ ਰਹੇ ਹਨ ਤਾਂ ਇਸ ਦਫਤਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਜੇਕਰ ਕੋਈ ਯੋਗ ਵਿਦਿਆਰਥੀ ਇਸ ਸਕੀਮ ਅਧੀਨ ਅਪਲਾਈ ਹੋਣ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਕੂਲ ਦੇ ਨੋਡਲ ਅਫਸਰ ਦੀ ਹੋਵੇਗੀ।

ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਕੰਪੋਨੈਂਟ 2 ਅਧੀਨ ਕੋਈ ਵਿਦਿਆਰਥੀ ਅਪਲਾਈ ਨਹੀਂ ਕਰਵਾਇਆ ਗਿਆ ਹੈ। ਸੋ ਜੇਕਰ ਕੋਈ ਮਲੀਨ ਧੰਦੇ ਵਾਲਾ ਵਿਦਿਆਰਥੀ ਇਸ ਸਕੀਮ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ-ਮੁੱਖੀ ਦੀ ਹੋਵੇਗੀ।

04/11/26
ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਬਠਿੰਡਾ
04/11/26